## ਸਾਡੀਆਂ ਸੇਵਾਵਾਂ ਕਿਸ ਤਰ੍ਹਾਂ ਹਾਸਲ ਕੀਤੀਆਂ ਜਾਣ

ਇੱਕ ਵਾਰ ਇੱਥੇ ਪਹੁੰਚਣ ਤੋਂ ਬਾਅਦ ਤੁਸੀਂ ਕਿੱਦਾਂ ਸ਼ੁਰੂਆਤ ਕਰ ਸਕਦੇ ਹੋ?

ਜੇਕਰ ਤੁਸੀਂ ਸਾਡੀਆਂ ਸੇਵਾਵਾਂ ਦਾ ਉਪਯੋਗ ਪਹਿਲੀ ਵਾਰ ਕਰ ਰਹੇ ਹੋ ਤਾਂ ਤੁਹਾਨੂੰ ਬੇਨਤੀ ਕੀਤੀ ਜਾਵੇਗੀ ਕਿ ਤੁਸੀਂ ਸਲਾਹਕਾਰ ਨਾਲ ਮਿਲਣ ਲਈ ਅਪੋਆਏਂਟਮੈਂਟ ਲੈ ਲਵੋ।

ਸਲਾਹਕਾਰ ਇਹਨਾਂ ਕੰਮਾਂ ਲਈ ਇੱਥੇ ਹਨ :

- ਸੇਵਾਵਾਂ ਦੇ ਬਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ;
- WOCRC ਦੇ ਅੰਦਰ ਜਾਂ ਕਮਿਊਨਿਟੀ ਵਿੱਚ ਤੁਹਾਡੀਆਂ ਜ਼ਰੂਰਤਾਂ ਦੀਆਂ ਸੇਵਾਵਾਂ ਲਈ ਰੈਫਰਲ ਦੇਣ ਲਈ;
- ਥੋੜ੍ਹੇ ਸਮ੍ਹੇਂ ਲਈ ਸਲਾਹ-ਮਸ਼ਵਰੇ ਲਈ;
- ਲੋਕਾਂ ਅਤੇ ਪਰਿਵਾਰਾਂ ਲਈ ਸੰਕਟ ਦੀ ਘੜੀ ਵਿੱਚ ਦਖਲ ਕਰਨ ਲਈ;
- ਅਤੇ ਸੱਭ ਤੋਂ ਵੱਧ ਜ਼ਰੂਰੀ ਹੈ ਹਮਦਰਦੀ ਨਾਲ ਤੁਹਾਡੀਆਂ ਗੱਲਾਂ ਸੁਨਣ ਲਈ।

ਸਾਡਾ ਸੁਝਾਅ ਹੈ ਕਿ ਤੁਸੀਂ ਸਲਾਹਕਾਰ ਨਾਲ ਗੱਲ ਕਰਨ ਲਈ ਜਾਂ ਉਸ ਨਾਲ ਮਿਲਣ ਦਾ ਅਪੋਆਏਂਟਮੈਂਟ ਲੈਣ ਲਈ ਤੁਸੀਂ 613-591-3686 ਨੂੰ ਫੋਨ ਕਰੋ।

ਬਿਨ੍ਹਾਂ ਅਪੋਆਏਂਟਮੈਂਟ ਦੇ ਆਉਣ ਵਾਲੇ "ਵੌਕ-ਇਨ" ਗਾਹਕਾਂ ਲਈ ਵੀ ਸਲਾਹਕਾਰ ਉਪਲੱਭਦ ਹਨ, ਪਰ ਵਧੀਆ ਹੋਵੇਗਾ ਪਹਿਲਾਂ ਤੋਂ ਫੋਨ ਕਰਨਾ ਜੇਕਰ ਸੰਭਵ ਹੋਵੇ ਤਾਂ।

## ਕੀ ਤੁਹਾਨੂੰ ਸਾਡੀਆਂ ਸੇਵਾਵਾਂ ਲਈ ਕੁੱਛ ਖਰਚ ਕਰਨਾ ਪਵੇਗਾ?

ਜੇਕਰ ਤੁਸੀਂ WOCRC ਦੇ ਸਲਾਹਕਾਰ ਨਾਲ ਮਿਲ ਰਹੇ ਹੋ ਤਾਂ ਸੇਵਾਵਾਂ ਮੁਫਤ ਹਨ। ਸਾਡੇ ਕੁੱਛ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਨਿਊਨਤਮ ਫੀਸ ਹੈ। ਸਲਾਹਕਾਰ ਸ਼ੁਰੂਆਤੀ ਮੀਟਿੰਗਾਂ ਦੌਰਾਨ ਕੀਮਤਾਂ ਦੀ ਰੂਪ-ਰੇਖਾ ਦੇਵੇਗਾ।

ਕੁੱਛ ਸਲਾਹਕਾਰ ਜਿਨ੍ਹਾਂ ਦੇ ਇੱਥੇ ਦਫਤਰ ਹਨ ਉਹ WOCRC ਦੀ ਨੌਕਰੀ ਨਹੀਂ ਕਰਦੇ ਹਨ ਅਤੇ ਹੋ ਸਕਦਾ ਹੈ ਕਿ ਉਹ ਸਲਾਹ-ਮਸ਼ਵਰੇ ਲਈ ਤੁਹਾਡੇ ਤੋਂ ਕੁੱਛ ਫੀਸ ਲੈਣ। ਉਹ ਸ਼ੁ-ਰੂਆਤੀ ਮੀਟਿੰਗਾਂ ਦੌਰਾਨ ਤੁਹਾਨੂੰ ਦੱਸ ਦੇਣਗੇ।

Western Ottawa Community Resource Centre | Centre de ressources communautaires d'Ottawa ouest

## ਇਕਾਂਤ ਅਤੇ ਗੁਪਤ ਸੇਵਾ

ਤੁਹਾਡੀ ਨਿਜੀ ਜਾਣਕਾਰੀ ਦੀ ਸੁਰੱਖਿਆ ਲਈ ਅਸੀਂ ਵਚਨ-ਬੱਧ ਹਾਂ । ਇਹ ਜਾਣਕਾਰੀ ਸਾਨੂੰ ਭਰੋਸੇ ਨਾਲ ਦਿੱਤੀ ਜਾਂਦੀ ਹੈ ਅਤੇ ਉਹ ਗੁਪਤ ਰਹੇਗੀ।

1. WOCRC ਦੇ ਸਾਰੇ ਕਰਮਚਾਰੀ ਅਤੇ ਵੌਲੰਟੀਅਰ ਤੁਹਾਡੀ ਜਾਣਕਾਰੀ ਨੂੰ ਗੁਪਤ ਰੱਖਣ ਲਈ ਵਚਨ-ਬੱਧ ਹਨ।
2. ਜਦੋਂ WOCRC ਤੁਹਾਡੇ ਤੋਂ ਜਾਣਕਾਰੀ ਪ੍ਰਾਪਤ ਕਰਦਾ ਹੈ, ਉਹ ਸਿਰਫ ਤੁਹਾਡੀ ਬੇਨਤੀ ਦੀ ਸੇਵਾ ਪ੍ਰਦਾਨ ਕਰਨ ਲਈ ਹੁੰਦੀ ਹੈ । ਅਪਣੀ ਜ਼ਰੂਰਤ ਨੂੰ ਪੂਰਾ ਕਰਨ ਲਈ ਜ਼ਰੂਰੀ ਜਾਣਕਾਰੀ ਤੋਂ ਜ਼ਿਆਦਾ ਕੋਈ ਵੀ ਜਾਣਕਾਰੀ ਦੇਣ ਦੀ ਤੁਹਾਨੂੰ ਲੋੜ ਨਹੀਂ ਹੈ।
3. WOCRC ਦੇ ਕਰਮਚਾਰੀ ਤੁਹਾਨੂੰ ਵਿਆਪਕ ਸੇਵਾਵਾਂ ਦੇਣ ਲਈ ਟੀਮ ਵਿੱਚ ਮਿਲ-ਜੁਲ ਕੇ ਕੰਮ ਕਰਦੇ ਹਨ। ਇਹ ਜਾਣਕਾਰੀ ਉਹਨਾਂ ਲੋਕਾਂ ਨਾਲ ਵੰਡੀ ਜਾ ਸਕਦੀ ਹੈ ਜੋ ਤੁਹਾਨੂੰ ਸੇਵਾ ਪ੍ਰਦਾਨ ਕਰਨ ਲਈ ਸਪਸ਼ਟ ਰੂਪ ਨਾਲ ਸ਼ਾਮਿਲ ਹਨ। ਅਸੀਂ ਤੁਹਾਡੀ ਇਜਾਜ਼ਤ ਤੋਂ ਬਿਨ੍ਹਾਂ ਸੈਂਟਰ ਤੋਂ ਬਾਹਰ ਕਿਸੀ ਹੋਰ ਨੂੰ ਤੁਹਾਡੀ ਜਾਣਕਾਰੀ ਨਹੀਂ ਦੇਵਾਂਗੇ, ਕੁੱਛ ਖਾਸ ਹਲਾਤਾਂ ਨੂੰ ਛੱਡ ਕੇ (ਦੇਖੋ ਗੁਪਤ ਰੱਖਣ ਦੀਆਂ ਹੱਦਾਂ)।
4. ਤੁਹਾਡੀ ਫਾਈਲ ਦੇ ਅੰਦਰ ਦੀ ਜਾਣਕਾਰੀ WOCRC ਦੀ ਸੰਪਤੀ ਹੈ। ਤੁਸੀਂ ਆਪਣੀ ਫਾਈਲ ਦੇਖਣ ਦੀ ਬੇਨਤੀ ਕਦੀ ਵੀ ਕਰ ਸਕਦੇ ਹੋ।
5. WOCRC ਵਿੱਚ ਤੁਹਾਡੀਆਂ ਗੱਲਾਂ ਨੂੰ ਗੁਪਤ ਰੱਖਣ ਦੀ ਸੁਰੱਖਿਆ ਨਾਲ ਸੰਬੰਧਿਤ ਤੁਹਾਡੇ ਸਵਾਲਾਂ ਅਤੇ ਚਿੰਤਾਂਵਾਂ ਦੇ ਉੱਤਰ ਦੇਣ ਲਈ ਅਸੀਂ ਤਿਆਰ ਹਾਂ।

## ਗੁਪਤ ਰੱਖਣ ਦੀਆਂ ਹੱਦਾਂ

ਤੁਹਾਡੀ ਇਜਾਜ਼ਤ ਤੋਂ ਬਿਨ੍ਹਾਂ WOCRC ਤੁਹਾਡੀ ਜਾਣਕਾਰੀ ਦੀ ਰਿਪੋਰਟ ਕਿਸੀ ਹੋਰ ਨੂੰ ਉਦੋਂ ਹੀ ਦੇਵੇਗਾ ਜਦੋਂ ਉਹ ਕਨੂੰਨੀ ਰੂਪ ਤੋਂ ਜ਼ਰੂਰੀ ਹੈ।

ਕੁੱਛ ਉਦਾਹਰਣਾਂ ਵਿੱਚ ਸ਼ਾਮਿਲ ਹਨ :

- ਜੇਕਰ ਸਾਨੂੰ ਵਿਸ਼ਵਾਸ ਹੈ ਕਿ ਤੁਸੀਂ ਆਪਣੇ ਆਪ ਲਈ ਜਾਂ ਦੂਜਿਆਂ ਲਈ ਖਤਰਾ ਹੋ;
- ਜੇਕਰ ਸਾਨੂੰ ਸ਼ੱਕ ਹੁੰਦਾ ਹੈ ਕਿ 16 ਸਾਲ ਦੀ ਉਮਰ ਦਾ ਕੋਈ ਬੱਚਾ ਖਤਰੇ ਵਿੱਚ ਹੈ;
- ਜੇਕਰ ਕੋਰਟ ਤੁਹਾਡੇ ਰਿਕਾਰਡ ਦੀ ਮੰਗ ਕਰਦਾ ਹੈ।



ਇਸ ਜਾਣਕਾਰੀ ਦਾ ਅਨੁਵਾਦ ਕੀਤਾ ਗਿਆ ਹੈ – ਕਮਿ-ਮਊਨਿਟੀ ਫਾਊਂਡੇਸ਼ਨ ਔਫ ਓਟਵਾ ਵੱਲੋਂ ਮਿਲੀ ਗਰਾਂਟ ਦਾ ਧਨੰਵਾਦ।

Community Foundation of Ottawa | Fondation communautaire d'Ottawa

*For good...forever* *Le bien...toujours*

## ਸੇਵਾਵਾਂ ਦਾ ਸਮ੍ਹਾਂ

ਹੇਠ ਲਿਖੇ ਸਮ੍ਹੇਂ ਦੌਰਾਨ ਸਾਡਾ ਰਿਸੈਪਸ਼ਨ ਖੁੱਲ੍ਹਦਾ ਹੈ ਅਤੇ ਸਲਾਹਕਾਰ (ਕਾਊਂਸਲਰ) ਉਪਲੱਭਦ ਹੁੰਦੇ ਹਨ :

ਸਤੰਬਰ ਤੋਂ ਮਈ

ਸੋਮਵਾਰ ਤੋਂ ਸ਼ੁਕਰਵਾਰ 8:30 ਸਵੇਰੇ - 4:30 ਸ਼ਾਮ

ਜੂਨ ਤੋਂ ਅਗਸਤ

ਸੋਮਵਾਰ ਤੋਂ ਸ਼ੁਕਰਵਾਰ 8:30 ਸਵੇਰੇ - 4:00 ਸ਼ਾਮ

## ਪਾਰਦ੍ਰਿਸ਼ਟੀ

ਅਸੀਂ ਇੱਕ ਅਜਿਹਾ ਭਵਿਸ਼ ਦੇਖਦੇ ਹਾਂ ਜਿਸ ਵਿੱਚ ਪੱਛਮੀ ਓਟਾਵਾ, ਥਰਕਦਾ, ਸੁਰੱਖਿਅਤ, ਸਿਹਤਮੰਦ ਕਮਿਊਨਿਟੀਜ਼ ਤੋਂ ਮਿਲ-ਜੁਲ ਕੇ ਬਣਿਆ ਹੈ ਜਿਸ ਵਿੱਚ ਹਰ ਕੋਈ ਆਪਣੀ ਸਿਹਤ ਅਤੇ ਕਲਿਆਣ ਲਈ ਜ਼ਰੂਰੀ ਸੇਵਾਵਾਂ ਅਤੇ ਸਾਧਨ (ਰਿਸੋਰਸਿਜ਼) ਹਾਸਲ ਕਰ ਸਕਦਾ ਹੈ।

## ਉਦੇਸ਼

ਦੀ ਵੈਸਟਰਨ ਓਟਾਵਾ ਕਮਿਊਨਿਟੀ ਰਿਸੋਰਸ ਸੈਂਟਰ (WOCRC), ਆਪਣੀਆਂ ਭਾਂਤ-ਭਾਂਤ ਕਮਿਊਨਿਟੀਆਂ ਦੇ ਸਾਰੇ ਮੈਂਬਰਾਂ ਲਈ ਆਪਣੀ ਪਹੁੰਚ-ਯੋਗ ਕਮਿਊਨਿਟੀ, ਸਿਹਤ, ਅਤੇ ਸਮਾਜਕ ਸੇਵਾਵਾਂ ਨੂੰ ਵਿਕਸਿਤ ਕਰਨ, ਪ੍ਰਦਾਨ ਕਰਨ ਅਤੇ ਤਾਲ-ਮੇਲ ਕਰਨ ਲਈ ਦੂਜੇ ਹਿੱਸੇਦਾਰਾਂ ਨਾਲ ਮਿਲ-ਜੁਲ ਕੇ ਕੰਮ ਕਰਦਾ ਹੈ।

ਅਸੀਂ ਆਪਣੇ ਕੁੱਛ ਨਾਮਿਤ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਅਟੱਲ ਅਤੇ ਵਧੀਆ ਪੱਧਰ ਦੀ ਫ੍ਰੈਂਚ ਭਾਸ਼ਾ ਵਿੱਚ ਸੇਵਾਵਾਂ ਦੀ ਉਪਲੱਭਦੀ ਨਿਸ਼ਚਿਤ ਕਰਨ ਲਈ ਵਚਨ-ਬੱਧ ਹਾਂ।

## ਪ੍ਰੋਗਰਾਮਜ਼ ਅਤੇ ਸੇਵਾਵਾਂ

ਕਾਊਂਨਸਲਿੰਗ, ਜਾਣਕਾਰੀ ਅਤੇ ਰੈਫਰਲ

ਓਨਟਾਰਓ ਅਰਲੀ ਯੀਅਰਜ਼ ਸੈਂਟਰ – ਕਾਰਲਟਨ

ਬੱਚਿਆਂ ਅਤੇ ਪਰਿਵਾਰਾਂ ਲਈ ਸੇਵਾਵਾਂ

ਯੁਵਕਾਂ ਅਤੇ ਪਰਿਵਾਰਾਂ ਲਈ ਸੇਵਾਵਾਂ

ਔਰਤਾਂ ਪ੍ਰਤੀ ਹਿੰਸਾ ਲਈ ਸੇਵਾਵਾਂ

ਕ੍ਰਿਸੈਲਿਸ ਹਾਊਸ

ਕਮਿਊਨਿਟੀ ਦਾ ਵਿਕਾਸ

ਸ਼ਰੀਰਕ ਡਿਸਏਬਿਲਟੀ ਵਾਲੇ ਬੁਜ਼ਰਗ ਅਤੇ ਬਾਲਗਾਂ ਲਈ ਸੇਵਾਵਾਂ

ਵੌਲੰਟਰੀ ਸੇਵਾਵਾਂ







2 MacNeil Court, Kanata, Ontario K2L 4H7

ਫੋਨ : 613-591-3686

ਫੈਕਸ : 613-591-2501

ਟੀ.ਟੀ.ਵਾਈ. : 613-591-0484

ਵੈੱਬ: www.communityresourcecentre.ca

ਈ-ਮੇਲ: info@communityresourcecentre.ca


COALITION DES CENTRES DE RESSOURCES ET DE SANTÉ COMMUNAUTAIRES D'OTTAWA

COALITION OF COMMUNITY HEALTH AND RESOURCE CENTRES OF OTTAWA

www.coalitionottawa.ca

# Western Ottawa Community Resource Centre

**PUNJABI**

ਹਰ ਕਿਸੀ ਦਾ ਸਵਾਗਤ ਹੈ। ਅਸੀਂ ਤੁਹਾਡੇ ਲਈ, ਤੁਹਾਡੇ ਪਰਿਵਾਰ, ਮਿਤਰਾਂ ਅਤੇ ਗਵਾਂਡੀਆਂ ਲਈ ਗੁਪਤ ਕਾਊਂਨਸਲਿੰਗ, ਜਾਣਕਾਰੀ, ਰੈਫਰਲ ਅਤੇ ਸਹਾਰਾ ਪ੍ਰਦਾਨ ਕਰਦੇ ਹਾਂ। ਸਾਡੀਆਂ ਸੇਵਾਵਾਂ ਅੰਗ੍ਰੇਜ਼ੀ ਅਤੇ ਫ੍ਰੈਂਚ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ । ਸੰਸਕ੍ਰਿਤਕ (ਕਲਚਰਲ) ਅਨੁਵਾਦ ਬੇਨਤੀ ਕਰਨ ਤੇ ਉਪਲੱਭਦ ਹੈ।

**613-591-3686**

**2 MacNeil Court, Kanata**